## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ

ਹੁਕਮ ਨੰ: 10/144-2007 ਅ3(2) ਕੋ:ਸੈਲ:4
ਮਿਤੀ, ਐਸ.ਏ.ਐਸ.ਨਗਰ :- 13.06.2016

ਸ਼੍ਰੀਮਤੀ ਸੁਰਜੀਤ ਕੌਰ, ਸ.ਸ ਮਿਸਟ੍ਰੈਸ ਸਸਸਸ ਢੱਡੇ ਫਤਿਹ ਸਿੰਘ, ਜ਼ਿਲ੍ਹਾ ਹੁਸ਼ਿਆਰਪੁਰ ਜੋ ਕਿ ਮਿਤੀ 02.04.07 ਤੋਂ ਆਪਣੀ ਰਿਟਾਇਰਮੈਂਟ ਦੀ ਮਿਤੀ ਤੱਕ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲਦੀ ਰਹੀ ਹੈ , ਮਿਤੀ 31.03.12 ਨੂੰ In-absentia ਰਿਟਾਇਰ ਹੋ ਚੁੱਕੀ ਹੈ। ਗੈਰ ਹਾਜ਼ਰ ਕਰਮਚਾਰਨ ਨੂੰ ਵਿਭਾਗ ਦੇ ਹੁਕਮ ਨੰ: 10/144-09 ਅ3(2) ਮਿਤੀ 04-08-2009/16-12-2009 ਰਾਹੀਂ ਪੰਜਾਬ ਸਿਵਲ ਸੇਵਾਵਾਂ(ਦੰਡ ਅਤੇ ਅਪੀਲ) ਨਿਯਮਾਂਵਲੀ 1970 ਅਧੀਨ ਕਾਰਨ ਦਸੋ ਨੋਟਿਸ/ਦੋਸ਼ ਸੂਚੀ ਜਾਰੀ ਕੀਤੀ ਗਈ।

ਸ਼੍ਰੀਮਤੀ ਸੁਰਜੀਤ ਕੌਰ, ਸ.ਸ ਮਿਸਟ੍ਰੈਸ ਸਸਸਸ ਢੱਡੇ ਫਤਿਹ ਸਿੰਘ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਸਰਕਾਰ ਦੇ ਹੁਕਮ ਨੰ: 10/12-11 ਅ3(2)/361 ਮਿਤੀ 31.05.11 ਰਾਹੀਂ ਜ਼ਿਲ੍ਹਾ ਸਿੱਖਿਆ ਅਫਸਰ(ਸੈਸਿ) ਹੁਸਿਆਰਪੁਰ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਆਪਣੀ ਪੜਤਾਲ ਰਿਪੋਰਟ ਵਿੱਚ ਕਰਮਚਾਰਨ ਦੇ ਮਿਤੀ 02-04-2007 ਤੋਂ ਹੁਣ ਤੱਕ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਕੀਤਾ।

ਕੁਦਰਤੀ ਨਿਆਂ ਨੂੰ ਮੁੱਖ ਰੱਖਦਿਆਂ ਹੋਇਆ ਸ਼੍ਰੀਮਤੀ ਸੁਰਜੀਤ ਕੌਰ, ਸ.ਸ ਮਿਸਟ੍ਰੈਸ ਸਸਸਸ ਢੱਡੇ ਫਤਿਹ ਸਿੰਘ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਕਾਰਨ ਮਿਤੀ 12.05.16 ਨੂੰ " ਦ. ਟ੍ਰਿਬਿਊਨ" ਵਿੱਚ ਪਬਲਿਕ ਨੋਟਿਸ ਦਿੱਤਾ ਗਿਆ ਜਿਸ ਵਿੱਚ ਲੜੀ ਨੰ: 13 ਤੇ ਕਰਮਚਾਰਨ ਦਾ ਨਾਮ ਦਰਸਾਇਆ ਗਿਆ। ਇਸ ਪਬਲਿਕ ਨੋਟਿਸ ਰਾਹੀਂ ਇਸ ਕਰਮਚਾਰਨ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿੱਚ ਜੇਕਰ ਕੁਝ ਕਹਿਣਾ ਚਾਹੁੰਦੀ ਹੈ ਤਾਂ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਉੱਤਰ ਦੇਵੇ। ਜੇਕਰ ਉਸ ਵੱਲੋਂ ਮਿੱਥੇ ਸਮੇਂ ਅੰਦਰ ਕੋਈ ਉੱਤਰ ਨਹੀਂ ਦਿੱਤਾ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁਝ ਨਹੀਂ ਕਹਿਣਾ ਚਾਹੁੰਦੀ ਅਤੇ ਉਸ ਵਿਰੁੱਧ ਆਰੰਭੀ ਅਨੁਸ਼ਾਸਨੀ ਕਾਰਵਾਈ ਨੂੰ ਮੁਕੰਮਲ ਕਰਦੇ ਹੋਏ ਉਸ ਦੀਆਂ ਸੇਵਾਵਾਂ ਪੰਜਾਬ ਸਿਵਲ ਸੇਵਾਵਾਂ ਰੂਲਜ਼ ਵਾਲਿਊਮ-2 ਦੇ ਨਿਯਮ 3.17-ਏ(2) ਤਹਿਤ ਫਾਰਫੀਟ ਕਰ ਦਿੱਤੀਆਂ ਜਾਣਗੀਆਂ।

ਇਸ ਨੋਟਿਸ ਦੇ ਜਵਾਬ ਵਿੱਚ ਕਰਮਚਾਰਨ ਦਾ ਮਿਤੀ 24.05.16 ਨੂੰ ਉੱਤਰ ਪ੍ਰਾਪਤ ਹੋਇਆ ਜਿਸ ਵਿੱਚ ਉਸਨੇ ਬਿਮਾਰੀ ਨਾਲ ਪੀੜਤ ਹੋਣ ਕਾਰਨ ਆਪਣੇ ਕੇਸ ਦਾ ਫੈਸਲਾ ਜਲਦੀ ਕਰਨ ਲਈ ਲਿਖਿਆ। ਕਰਮਚਾਰਨ ਦੇ ਕੇਸ ਵਿੱਚ ਉਪਲਬਧ ਰਿਕਾਰਡ ਤੋਂ ਸਪਸ਼ਟ ਹੈ ਕਿ ਉਸਨੇ ਮਿਤੀ 05.01.1990 ਨੂੰ ਸਰਕਾਰੀ ਸੇਵਾ ਜੁਆਇਨ ਕੀਤੀ। ਇਸ ਤੋਂ ਬਾਅਦ ਮਿਤੀ 21.02.90 ਤੋਂ ਮਿਤੀ 18.06.01 ਤੱਕ ਬਿਨਾਂ ਤਨਖਾਹ ਛੁੱਟੀ ਤੇ ਰਹੀ। ਮਿਤੀ 19.06.01 ਨੂੰ ਉਸਨੇ ਮੁੜ ਡਿਊਟੀ ਜੁਆਇਨ ਕੀਤੀ। ਕਰਮਚਾਰਨ ਮਿਤੀ 20.02.06 ਤੋਂ 07.12.06 ਤੱਕ ਛੁੱਟੀ ਤੇ ਰਹੀ ਅਤੇ ਮਿਤੀ 02.04.07 ਤੋਂ ਆਪਣੀ ਰਿਟਾਇਰਮੈਂਟ ਦੀ ਮਿਤੀ 31.03.12 ਤੱਕ ਲਗਾਤਾਰ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਚੱਲਦੀ ਰਹੀ। ਕਰਮਚਾਰਨ ਮਿਤੀ 31.03.12 ਨੂੰ In-absentia ਰਿਟਾਇਰ ਹੋ ਗਈ।

ਉਕਤ ਸਥਿਤੀ ਦੇ ਸਨਮੁੱਖ ਮੈਂ ਬਲਬੀਰ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀਮਤੀ ਸੁਰਜੀਤ ਕੌਰ, ਸ.ਸ ਮਿਸਟ੍ਰੈਸ ਸਸਸਸ ਢੱਡੇ ਫਤਿਹ ਸਿੰਘ, ਜ਼ਿਲ੍ਹਾ ਹੁਸ਼ਿਆਰਪੁਰ ਦੇ ਮਿਤੀ 02-04-2007 ਤੋਂ ਲੈ ਕੇ ਰਿਟਾਇਰਮੈਂਟ ਦੀ ਮਿਤੀ 31.03.2012 ਤੱਕ ਲਗਾਤਾਰ ਅਣਅਧਿਕਾਰਤ ਤੌਰ ਤੇ ਸਰਕਾਰੀ ਡਿਊਟੀ ਤੋਂ ਗੈਰਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸਰਵਿਸਿਜ਼ ਰੂਲਜ਼ ਵਾਲਿਊਮ-2 ਦੇ ਨਿਯਮ 3.17 ਏ-2 ਅਧੀਨ ਇਸ ਦੀਆਂ ਸੇਵਾਵਾਂ forfeit ਕਰਦਾ ਹਾਂ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ /11499-502 ਮਿਤੀ, ਐਸ.ਏ.ਐਸ.ਨਗਰ :- 22.7.16

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਜਲੰਧਰ।
2. ਜਿਲਾ ਸਿੱਖਿਆ ਅਫਸਰ (ਸੈ:ਸਿ), ਹੁਸਿਆਰਪੁਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. ਪ੍ਰਿੰਸੀਪਲ/ਮੁੱਖਅਧਿਆਪਕ, ਸਸਸਸ ਢੱਡੇ ਫਤਿਹ ਸਿੰਘ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਕਰਮਚਾਰਨ ਦੀ ਸੇਵਾਪੱਤਰੀ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ। ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਵੀ ਰਜਿਸਟਰਡ ਡਾਕ ਰਾਹੀਂ ਭੇਜੇ ਜਾਣ। (ਰਜਿ)
4. ਸ਼੍ਰੀਮਤੀ ਸੁਰਜੀਤ ਕੌਰ, ਸ.ਸ ਮਿਸਟ੍ਰੈਸ, ਸਸਸਸ ਢੱਡੇ ਫਤਿਹ ਸਿੰਘ, ਜ਼ਿਲ੍ਹਾ ਹੁਸ਼ਿਆਰਪੁਰ।

ਨੱਥੀ: ਸੇਵਾਪੱਤਰੀ(ਅਸਲ)

ਇੰਚਾਰਜ ਕੋਆਰਡੀਨੇਸ਼ਨ ਸੈਲ